# ਸੰਸਥਾਵਾਂ ਜੋ ਮਦਦ ਕਰ ਸਕਦੀਆਂ ਹਨ

**ਸਿਟੀ ਔਫ ਟੋਰਾਂਟੋ 311**

### ਫੈਡਰੇਸ਼ਨ ਔਫ ਮੈਟਰੋ ਟੈਨੈਂਟਸ ਅਸੋਸੀਏਸ਼ਨ (FMTA)

ਟੋਰਾਂਟੋ ਵਿੱਚ ਕਿਰਾਏਦਾਰਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਸਵਾਲਾਂ ਦੇ ਜਵਾਬ ਦਿੰਦੀ ਹੈ।

416-921-9494

hotline@torontotenants.org

### ਕਨੇਡੀਅਨ ਸੈਂਟਰ ਫੌਰ ਹਾਊਸਿੰਗ ਰਾਈਟਸ

ਓਨਟੈਰੀਓ ਵਿੱਚ ਉਹਨਾਂ ਕਿਰਾਏਦਾਰਾਂ ਨੂੰ ਮੁਫਤ, ਗੁਪਤ ਵਿਅਕਤੀਗਤ ਸੇਵਾਵਾਂ ਪ੍ਦਾਨ ਕਰਦਾ ਹੈ ਜੋ ਆਪਣੀ ਰਿਹਾਇਸ਼ ਵਿੱਚ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ।

416-944-0087

cchr@housingrightscanada.com

### ਲੀਗਲ ਏਡ ਓਨਟੈਰੀਓ

ਘੱਟ ਆਮਦਨੀ ਵਾਲੇ ਕਿਰਾਏਦਾਰਾਂ ਨੂੰ ਮੁਫਤ ਕਾਨੂੰਨੀ ਸਲਾਹ ਪ੍ਦਾਨ ਕਰਦਾ ਹੈ।

1-800-668-8258

legalaid.on.ca/legal-clinics

### ਸੈਂਟਰ ਫੌਰ ਇਮੀਗ੍ਰੈਂਟ ਐਂਡ ਕਮਿਊਨਿਟੀ ਸਰਵਿਸਿਜ਼ (CICS)

ਟੋਰਾਂਟੋ ਵਿੱਚ ਕਿਰਾਏਦਾਰਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਸਵਾਲਾਂ ਦੇ ਜਵਾਬ ਦਿੰਦਾ ਹੈ।

416-292-7510 ਐਕਸਟੈਂਸ਼ਨ 1222

housing.support@cicscanada.com

**ਟੈਕਸਟ ਜਾਂ Whatsapp:** 647-473-2065

ਕਾਨੂੰਨੀ ਮਦਦ ਪ੍ਦਾਨ ਕਰਨ ਵਾਲੀਆਂ ਵਧੀਕ ਸੰਸਥਾਵਾਂ ਬਾਰੇ ਜਾਣਕਾਰੀ ਲਈ, **toronto.ca/EvictionHelp** 'ਤੇ ਜਾਓ

# ਮਲਟੀ-ਟੈਨੈਂਟ (ਰੂਮਿੰਗ) ਘਰਾਂ ਵਿੱਚ ਕਿਰਾਏਦਾਰ ਦੇ ਅਧਿਕਾਰ



TORONTO

311 toronto at your service

## ਕਿਰਾਏਦਾਰਾਂ ਲਈ ਜਾਣਕਾਰੀ

ਮਲਟੀ-ਟੈਨੈਂਟ (ਰੂਮਿੰਗ) ਘਰ ਉਹ ਇਮਾਰਤਾਂ ਹਨ ਜਿੱਥੇ ਚਾਰ ਜਾਂ ਵੱਧ ਕਮਰੇ ਵੱਖ-ਵੱਖ ਲੋਕਾਂ ਨੂੰ ਕਿਰਾਏ 'ਤੇ ਦਿੱਤੇ ਜਾਂਦੇ ਹਨ। ਕਿਰਾਏਦਾਰ ਰਸੋਈ ਅਤੇ/ਜਾਂ ਵਾਸ਼ਰੂਮ ਸਾਂਝੇ ਕਰ ਸਕਦੇ ਹਨ ਪਰ ਉਹ ਇੱਕ ਪਰਿਵਾਰ ਵਜੋਂ ਇਕੱਠੇ ਨਹੀਂ ਰਹਿੰਦੇ ਹਨ।

**ਸਿਟੀ ਮਕਾਨ ਮਾਲਕ ਦੇ ਨਾਲ ਮਿਲ ਕੇ ਕੰਮ ਕਰੇਗੀ ਅਤੇ ਇੱਕ ਮਲਟੀ-ਟੈਨੈਂਟ ਘਰ ਨੂੰ ਉਦੋਂ ਤੱਕ ਬੰਦ ਨਹੀਂ ਕਰੇਗੀ ਜਦੋਂ ਤੱਕ ਅੱਗ ਜਾਂ ਜੀਵਨ ਸੁਰੱਖਿਆ ਦੇ ਗੰਭੀਰ ਖਤਰੇ ਦੀ ਪਛਾਣ ਨਹੀਂ ਕੀਤੀ ਜਾਂਦੀ। ਅੱਗ ਲੱਗਣ ਜਾਂ ਐਮਰਜੈਂਸੀ ਨਿਕਾਸੀ ਦੇ ਕਾਰਨ ਜਿਨ੍ਹਾਂ ਕਿਰਾਏਦਾਰਾਂ ਨੂੰ ਆਪਣਾ ਘਰ ਛੱਡਣਾ ਪੈਂਦਾ ਹੈ, ਉਹਨਾਂ ਲਈ ਐਮਰਜੈਂਸੀ ਸਮਾਜਿਕ ਸੇਵਾਵਾਂ ਥੋੜ੍ਹੇ ਸਮੇਂ ਲਈ ਰਿਹਾਇਸ਼ ਅਤੇ ਕੱਪੜੇ ਅਤੇ ਭੋਜਨ ਵਰਗੀਆਂ ਜ਼ਰੂਰੀ ਚੀਜ਼ਾਂ ਤੱਕ ਪਹੁੰਚ ਸਮੇਤ ਸਹਾਇਤਾ ਪ੍ਰਦਾਨ ਕਰ ਸਕਦੀਆਂ ਹਨ। ਕਿਰਾਏਦਾਰ ਹੋਰ ਜਾਣਕਾਰੀ ਲਈ 311 'ਤੇ ਕਾਲ ਕਰ ਸਕਦੇ ਹਨ।**

## ਮਲਟੀ-ਟੈਨੈਂਟ ਘਰ ਵਿੱਚ ਤੁਹਾਡੇ ਅਧਿਕਾਰ

- ਜ਼ਿਆਦਾਤਰ ਕਿਰਾਏਦਾਰ ਓਨਟੈਰੀਓ ਦੇ ਰੈਜ਼ੀਡੈਂਸ਼ੀਅਲ ਟੈਨੈਂਸੀ ਐਕਟ (RTA) ਦੁਆਰਾ ਸੁਰੱਖਿਅਤ ਹਨ। ਇਹ ਕਾਨੂੰਨ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੀ ਰੂਪਰੇਖਾ ਦੱਸਦੇ ਹਨ। ਤੁਹਾਡਾ ਮਕਾਨ-ਮਾਲਕ ਤੁਹਾਨੂੰ ਅਧਿਕਾਰਤ ਇਵਿਕਸ਼ਨ ਨੋਟਿਸ ਤੋਂ ਬਿਨਾਂ ਕੱਢ ਨਹੀਂ ਸਕਦਾ। ਇਹਨਾਂ ਨੋਟਿਸਾਂ ਦਾ **ਇਹ ਮਤਲਬ ਨਹੀਂ ਹੈ ਕਿ ਤੁਹਾਨੂੰ ਘਰ ਛੱਡਣ ਦੀ ਲੋੜ ਹੈ।** ਜੇਕਰ ਤੁਹਾਨੂੰ ਆਪਣੇ ਮਕਾਨ ਮਾਲਕ ਤੋਂ ਇਵਿਕਸ਼ਨ ਨੋਟਿਸ ਮਿਲਦਾ ਹੈ, ਤਾਂ ਕਾਨੂੰਨੀ ਸਲਾਹ ਲਓ। ਤੁਹਾਨੂੰ ਉਦੋਂ ਤੱਕ ਛੱਡਣ ਦੀ ਲੋੜ ਨਹੀਂ ਹੈ ਜਦੋਂ ਤੱਕ ਤੁਹਾਡਾ ਮਕਾਨ ਮਾਲਕ ਲੈਂਡਲੌਰਡ ਐਂਡ ਟੇਨੈਂਟ ਬੋਰਡ (LTB) ਕੋਲ ਇਵਿਕਸ਼ਨ ਦੀ ਅਰਜ਼ੀ ਦਾਇਰ ਨਹੀਂ ਕਰਦਾ ਅਤੇ LTB **ਔਰਡਰ ਫੌਰ ਇਵਿਕਸ਼ਨ** ਜਾਰੀ ਨਹੀਂ ਕਰਦਾ ਹੈ।
- ਜੇਕਰ ਤੁਹਾਡੇ ਮਕਾਨ-ਮਾਲਕ ਨੇ ਤੁਹਾਡੇ ਵਿਰੁੱਧ ਇਵਿਕਸ਼ਨ ਦੀ ਅਰਜ਼ੀ ਦਾਇਰ ਕੀਤੀ ਹੈ, ਤਾਂ ਤੁਸੀਂ ltb@ontario.ca 'ਤੇ ਈਮੇਲ ਕਰਕੇ LTB ਨਾਲ ਜਾਂਚ ਕਰ ਸਕਦੇ ਹੋ ਅਤੇ ਤੁਹਾਡੇ ਅਤੇ ਤੁਹਾਡੇ ਅਪਾਰਟਮੈਂਟ ਬਾਰੇ ਜਾਰੀ ਕੀਤੇ ਸਾਰੇ ਨੋਟਿਸ ਤੁਹਾਨੂੰ ਈਮੇਲ ਕਰਨ ਲਈ ਕਹਿ ਸਕਦੇ ਹੋ। ਤੁਹਾਨੂੰ RTA ਦੁਆਰਾ ਸੁਰੱਖਿਅਤ ਕੀਤਾ ਜਾਂਦਾ ਹੈ ਭਾਵੇਂ ਤੁਹਾਡਾ ਮਲਟੀ-ਟੈਨੈਂਟ ਘਰ ਸਿਟੀ ਦੁਆਰਾ ਲਾਇਸੰਸਸ਼ੁਦਾ ਨਾ ਹੋਵੇ। **ਤੁਹਾਡਾ ਮਕਾਨ ਮਾਲਕ ਤੁਹਾਨੂੰ ਸਿਰਫ਼ ਇਸ ਲਈ ਕੱਢ ਨਹੀਂ ਸਕਦਾ ਕਿਉਂਕਿ ਘਰ ਲਾਇਸੰਸਸ਼ੁਦਾ ਨਹੀਂ ਹੈ।**

ਜ਼ਿਆਦਾਤਰ ਮਲਟੀ-ਟੈਨੈਂਟ ਘਰਾਂ ਦੇ ਕਿਰਾਏਦਾਰ RTA ਦੇ ਅਧੀਨ ਆਉਂਦੇ ਹਨ ਜੋ ਇਵਿਕਸ਼ਨ ਤੋਂ ਸੁਰੱਖਿਆ ਪ੍ਰਦਾਨ ਕਰ ਸਕਦੇ ਹਨ। ਕੁਝ ਕਿਰਾਏਦਾਰ ਕਵਰ ਨਹੀਂ ਹੁੰਦੇ ਹਨ, ਉਦਾਹਰਨ ਲਈ, ਜੇ ਉਹ ਮਾਲਕ ਜਾਂ ਆਪਣੇ ਨਜ਼ਦੀਕੀ ਪਰਿਵਾਰ ਨਾਲ ਰਸੋਈ ਜਾਂ ਬਾਥਰੂਮ ਸਾਂਝਾ ਕਰਦੇ ਹਨ, ਜੇ ਉਹ ਸਕੂਲ ਦੇ ਹੋਸਟਲ ਵਿੱਚ, ਜਾਂ ਕੁਝ ਕਿਸਮ ਦੀਆਂ ਰੂਮਮੇਟ ਸਥਿਤੀਆਂ ਵਿੱਚ ਰਹਿੰਦੇ ਹਨ। ਆਪਣੀ ਕਾਨੂੰਨੀ ਸਥਿਤੀ ਬਾਰੇ ਸਵਾਲਾਂ ਲਈ 416-921-9494 'ਤੇ FMTA ਟੈਨੈਂਟ ਹੌਟਲਾਈਨ ਨੂੰ ਕਾਲ ਕਰੋ।

RTA ਬਾਰੇ ਹੋਰ ਜਾਣਕਾਰੀ ਲਈ,
**https://tribunalsontario.ca/ltb/renting-in-ontario/** 'ਤੇ ਜਾਓ

## ਮਕਾਨ ਮਾਲਕ ਦੀਆਂ ਜ਼ਿੰਮੇਵਾਰੀਆਂ ਅਤੇ ਸ਼ਿਕਾਇਤ ਕਿਵੇਂ ਦਰਜ ਕਰਨੀ ਹੈ

ਮਕਾਨ ਮਾਲਕ ਬਾਥਰੂਮ, ਰਸੋਈ, ਅਤੇ ਹਾਲਵੇਅ ਸਮੇਤ ਸਾਂਝੀਆਂ ਥਾਵਾਂ ਦੀ ਸਫਾਈ ਅਤੇ ਰੱਖ-ਰਖਾਅ ਲਈ ਜ਼ਿੰਮੇਵਾਰ ਹੁੰਦੇ ਹਨ। ਮਕਾਨ ਮਾਲਕ ਕੋਲ ਕੂੜੇ ਅਤੇ ਕੀੜਿਆਂ ਦੇ ਪ੍ਰਬੰਧਨ ਲਈ ਵੀ ਯੋਜਨਾਵਾਂ ਹੋਣੀਆਂ ਚਾਹੀਦੀਆਂ ਹਨ। ਜੇਕਰ ਕੀੜੇ ਹੁੰਦੇ ਹਨ, ਤਾਂ ਮਕਾਨ ਮਾਲਕ ਨੂੰ ਉਹਨਾਂ ਦੇ ਫੈਲਣ ਨੂੰ ਰੋਕਣ ਅਤੇ ਉਹਨਾਂ ਨੂੰ ਖਤਮ ਕਰਨ ਲਈ ਲੋੜੀਂਦੇ ਉਪਾਅ ਕਰਨੇ ਜ਼ਰੂਰੀ ਹਨ।

ਤੁਹਾਡੇ ਮਕਾਨ-ਮਾਲਕ ਨੂੰ ਸੱਤ ਦਿਨਾਂ ਦੇ ਅੰਦਰ ਗੈਰ-ਜ਼ਰੂਰੀ ਸੇਵਾ ਬੇਨਤੀਆਂ ਅਤੇ ਜ਼ਰੂਰੀ ਸੇਵਾ ਬੇਨਤੀਆਂ ਦਾ ਜਵਾਬ 24 ਘੰਟਿਆਂ ਦੇ ਅੰਦਰ ਦੇਣਾ ਜ਼ਰੂਰੀ ਹੈ। ਜ਼ਰੂਰੀ ਬੇਨਤੀਆਂ ਵਿੱਚ ਈਂਧਣ, ਬਿਜਲੀ, ਗੈਸ, ਹੀਟ, ਠੰਡੇ ਜਾਂ ਗਰਮ ਪਾਣੀ ਦੀਆਂ ਸਮੱਸਿਆਵਾਂ ਸ਼ਾਮਲ ਹੋ ਸਕਦੀਆਂ ਹਨ।

ਤੁਹਾਡੇ ਕਮਰੇ ਜਾਂ ਤੁਹਾਡੇ ਮਲਟੀ-ਟੈਨੈਂਟ ਘਰ ਦੇ ਸਾਂਝੇ ਖੇਤਰ ਬਾਰੇ ਕੋਈ ਸ਼ਿਕਾਇਤ ਹੈ? ਆਪਣੇ ਮਕਾਨ ਮਾਲਕ ਨਾਲ ਗੱਲ ਕਰੋ ਅਤੇ ਲਿਖਤੀ ਰੂਪ ਵਿੱਚ ਸ਼ਿਕਾਇਤ ਦਰਜ ਕਰੋ।

ਜੇਕਰ ਤੁਹਾਡਾ ਮਕਾਨ-ਮਾਲਕ ਕੰਮ ਨਹੀਂ ਕਰਦਾ ਅਤੇ ਸਮੱਸਿਆਵਾਂ ਜਾਰੀ ਰਹਿੰਦੀਆਂ ਹਨ, ਤਾਂ 311 'ਤੇ ਸੰਪਰਕ ਕਰੋ। ਜਦੋਂ ਤੁਹਾਡੀ ਸ਼ਿਕਾਇਤ 311 'ਤੇ ਦਰਜ ਕੀਤੀ ਜਾਂਦੀ ਹੈ, ਤਾਂ ਸਿਟੀ ਸਟਾਫ ਜਾਂਚ ਕਰੇਗਾ ਅਤੇ ਉਚਿਤ ਕਾਰਵਾਈ ਕਰੇਗਾ।

ਤੁਸੀਂ toronto.ca/311 'ਤੇ 311 ਦੁਆਰਾ ਤੁਹਾਨੂੰ ਪ੍ਰਦਾਨ ਕੀਤੇ ਗਏ ਰੈਫਰੈਂਸ ਨੰਬਰ ਦੀ ਵਰਤੋਂ ਕਰਕੇ ਆਪਣੀ ਬੇਨਤੀ ਦੀ ਸਥਿਤੀ ਦੀ ਜਾਂਚ ਕਰ ਸਕਦੇ ਹੋ।

ਟੋਰਾਂਟੋ ਵਿੱਚ ਮਲਟੀ-ਟੈਨੈਂਟ ਘਰਾਂ ਬਾਰੇ ਵਧੇਰੇ ਜਾਣਕਾਰੀ ਲਈ,
**toronto.ca/MultiTenantHouses** 'ਤੇ ਜਾਓ